ਨੀਊਜ਼ **ਰੀਲੀਜ਼**

# ਕੈਂਪਸ `ਤੇ ਲਿੰਗ-ਆਧਾਰਿਤ ਹਿੰਸਾ ਦਾ ਸਾਹਮਣਾ ਕਰਨਾ

ਫਰਵਰੀ 21, 2023

## ਅਲਬਰਟਾ ਦੀ ਸਰਕਾਰ ਲਿੰਗ-ਆਧਾਰਿਤ ਹਿੰਸਾ ਦਾ ਸਾਹਮਣਾ ਕਰਨ ਅਤੇ ਵਿਦਿਅਕ ਸੰਸਥਾਵਾਂ ਨੂੰ ਸੁਰਖਿਅਤ ਰਖਣ ਲਈ ਜਨਤਕ ਤੌਰ 'ਤੇ ਫੰਡ ਪ੍ਰਾਪਤ ਪੋਸਟ-ਸੈਕੰਡਰੀ ਸੰਸਥਾਵਾਂ ਨਾਲ ਕੰਮ ਕਰ ਰਹੀ ਹੈ।

ਸੂਬੇ ਭਰ ਦੇ ਵਿਦਿਆਰਥੀ ਆਗੂਆਂ ਨੇ ਅਲਬਰਟਾ ਦੀ ਸਰਕਾਰ ਨੂੰ ਕਿਹਾ ਹੈ ਕਿ ਉਨ੍ਹਾਂ ਦੀਆਂ ਵਿਦਿਅਕ ਸੰਸਥਾਵਾਂ ਵਿਚ ਲਿੰਗ-ਅਧਾਰਤ ਹਿੰਸਾ ਨੂੰ ਹਲ ਕਰਨ ਲਈ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਇਸ ਲਈ ਫਰਵਰੀ 2022 ਵਿਚ, ਐਡਵਾਂਸਡ ਐਜੂਕੇਸ਼ਨ ਨੇ ਲਿੰਗ-ਆਧਾਰਿਤ ਹਿੰਸਾ ਨੂੰ ਹਲ ਕਰਨ ਲਈ ਵਿਦਿਆਰਥੀਆਂ, ਸਟਾਫ ਅਤੇ ਵਿਭਾਗਾਂ ਨੂੰ ਸਿਖਲਾਈ ਦੇਣ ਲਈ ਪੋਸਟ-ਸੈਕੰਡਰੀ ਸੰਸਥਾਵਾਂ ਨੂੰ $2.5 ਮਿਲੀਅਨ ਪ੍ਰਦਾਨ ਕੀਤੇ।

ਇਸ ਫੰਡਿੰਗ ਨੇ ਅਲਬਰਟਾ ਦੀਆਂ ਵਿਦਿਅਕ ਸੰਸਥਾਵਾਂ ਵਿਚ ਲਿੰਗ-ਆਧਾਰਿਤ ਹਿੰਸਾ ਬਾਰੇ ਵਧੇਰੇ ਜਾਣਕਾਰੀ ਅਤੇ ਸੁਝਾਅ ਇਕਠੇ ਕਰਨ ਲਈ ਇਕ ਸੂਬਾ ਪਧਰੀ ਸਰਵੇਖਣ ਵਿਕਸਿਤ ਕਰਨ ਅਤੇ ਲਾਗੂ ਕਰਨ ਵਿਚ ਵੀ ਮਦਦ ਕੀਤੀ।

ਪ੍ਰਾਂਤ ਪਧਰੀ ਸਰਵੇਖਣ ਇਸ ਮਹੀਨੇ ਦੇ ਸ਼ੁਰੂ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਰਾਹੀਂ ਪੋਸਟ-ਸੈਕੰਡਰੀ ਵਿਦਿਆਰਥੀਆਂ ਤੋਂ ਜਵਾਬ ਇਕਠੇ ਕੀਤੇ ਜਾ ਰਹੇ ਹਨ। ਨਤੀਜੇ ਵਜੋਂ ਪ੍ਰਾਪਤ ਜਾਣਕਾਰੀ ਸੰਸਥਾਨਾਂ ਨੂੰ ਅਲਬਰਟਾ-ਬਾਰੇ ਵਿਸ਼ੇਸ਼ ਡੇਟਾ ਉਪਲਬਧ ਕਰਵਾਏਗੀ ਤਾਂ ਜੋ ਉਹਨਾਂ ਦੀ ਕੈਂਪਸ ਵਿਚ ਲਿੰਗ-ਅਧਾਰਿਤ ਹਿੰਸਾ ਨੂੰ ਹਲ ਕਰਨ ਲਈ ਰਣਨੀਤੀਆਂ ਲਾਗੂ ਕਰਨ ਵਿਚ ਮਦਦ ਕੀਤੀ ਜਾ ਸਕੇ।

ਵਿਦਿਆਰਥੀਆਂ ਨੂੰ ਉਹਨਾਂ ਦੀ ਪੋਸਟ-ਸੈਕੰਡਰੀ ਸੰਸਥਾ ਤੋਂ ਸਿਧੇ ਸਰਵੇਖਣ ਦਾ ਲਿੰਕ ਪ੍ਰਾਪਤ ਹੋਇਆ ਹੈ । ਉਨ੍ਹਾਂ ਕੋਲ ਆਪਣੇ ਜਵਾਬ ਦਰਜ ਕਰਵਾਉਣ ਲਈ 28 ਫਰਵਰੀ ਤਕ ਦਾ ਸਮਾਂ ਹੈ। ਸਰਵੇਖਣ ਦੇ ਨਤੀਜਿਆਂ ਵਾਲੀ ਅੰਤਿਮ ਰਿਪੋਰਟ ਜੁਲਾਈ ਵਿਚ ਆਉਣ ਦੀ ਉਮੀਦ ਹੈ।

ਸਰਵੇਖਣ ਦੇ ਨਾਲ, ਪੋਸਟ-ਸੈਕੰਡਰੀ ਸੰਸਥਾਵਾਂ ਨੇ ਰਾਸ਼ਟਰੀ ਸਰਵੋਤਮ ਅਭਿਆਸਾਂ ਨੂੰ ਦਰਸਾਉਣ ਲਈ ਆਪਣੀਆਂ ਲਿੰਗ-ਆਧਾਰਿਤ ਹਿੰਸਾ ਨੀਤੀਆਂ ਨੂੰ ਅਪਡੇਟ ਕੀਤਾ ਹੈ ਜਾਂ ਕਰ ਰਹੇ ਹਨ।

ਕੈਂਪਸ ਸਰਵੇਖਣ ਲਿੰਗ-ਆਧਾਰਿਤ ਹਿੰਸਾ ਦੇ ਨਾਲ ਨਾਲ ਵਿਦਿਆਰਥੀਆਂ ਦੇ ਰਵਈਏ ਅਤੇ ਤਜ਼ਰਬਿਆਂ ਦਾ ਮੁਲਾਂਕਣ ਕਰੇਗਾ, ਨਾਲ ਹੀ ਕੈਂਪਸ ਵਿਚ ਸਰੋਤਾਂ ਅਤੇ ਸਹਾਇਤਾ ਬਾਰੇ ਉਹਨਾਂ ਦੀ ਜਾਗਰੂਕਤਾ ਦਾ ਮੁਲਾਂਕਣ ਕਰੇਗਾ। ਇਹ ਸਰਵੇਖਣ ਮੈਕਈਵਨ ਯੂਨੀਵਰਸਿਟੀ ਦੀ ਅਗਵਾਈ ਵਾਲੇ ਸੰਸਥਾਗਤ ਨੁਮਾਇੰਦਿਆਂ ਦੇ 26 ਮੈਂਬਰੀ ਕਾਰਜ ਸਮੂਹ ਦੁਆਰਾ ਵਿਦਿਆਰਥੀਆਂ ਦੇ ਸੁਝਾਅ ਦੇ ਨਾਲ ਤਿਆਰ ਕੀਤਾ ਗਿਆ ਸੀ।

ਵਿਸ਼ਲੇਸ਼ਣ ਅਤੇ ਮਾਰਕੀਟਿੰਗ ਫਰਮ ਲੈਜਰ, ਪੋਸਟ-ਸੈਕੰਡਰੀ ਸੰਸਥਾਵਾਂ ਵਲੋਂ ਵਿਦਿਆਰਥੀ ਸਰਵੇਖਣ ਦਾ ਪ੍ਰਬੰਧਨ ਕਰ ਰਹੀ ਹੈ।

ਅਲਬਰਟਾ ਕੈਂਪਸ 'ਤੇ ਕੈਂਪਸ ਸੁਰਖਿਆ ਨੂੰ ਵਧਾਉਣਾ ਅਤੇ ਲਿੰਗ-ਅਧਾਰਤ ਹਿੰਸਾ ਨੀਤੀਆਂ ਨੂੰ ਅਪਡੇਟ ਕਰਨਾ ਅਤੇ ਮਜ਼ਬੂਤ ਕਰਨਾ ਅਲਬਰਟਾ 2030 ਤਹਿਤ ਇਕ ਮਹਤਵਪੂਰਨ ਪਹਿਲਕਦਮੀ ਹੈ: ਨੌਕਰੀਆਂ ਦੀ ਰਣਨੀਤੀ ਲਈ ਹੁਨਰਾਂ ਦਾ ਨਿਰਮਾਣ ਕਰਨਾ ।

## ਸੰਬੰਧਿਤ ਜਾਣਕਾਰੀ

- ਅਲਬਰਟਾ 2030: ਨੌਕਰੀਆਂ ਲਈ ਹੁਨਰ ਬਣਾਉਣਾ
- ਪੋਸਟ-ਸੈਕੰਡਰੀ ਲਿੰਗ-ਆਧਾਰਿਤ ਹਿੰਸਾ ਵਾਲੇ ਹਿਤਧਾਰਕਾਂ ਦੀ ਸ਼ਮੂਲੀਅਤ